## ਅਕਸਰ ਪੁੱਛੇ ਜਾਂਦੇ ਸਵਾਲ

### ਮੇਰੇ ਸਥਾਨ ਲਈ ਭੁਗਤਾਨ ਕਿਵੇਂ ਕੀਤਾ ਜਾਵੇਗਾ?

ਫ਼ੰਡ ਸਿੱਧੇ ਉਸ ਬਾਲ ਦੇਖਭਾਲ ਸਥਾਨ ਨੂੰ ਦਿੱਤੇ ਜਾਣਗੇ, ਜਿੱਥੇ ਤੁਹਾਡਾ ਬੱਚਾ ਜਾਂਦਾ ਹੈ। ਇਹ ਸਾਰੇ ਸਥਾਨ ਵਾਰਵਿਕਸ਼ਾਇਰ ਕਾਉਂਟੀ ਕਾਉਂਸਿਲ (Warwickshire County Council) ਅਤੇ ਓਫਸਟੇਡ (Ofsted) ਕੋਲ ਰਜਿਸਟਰਡ ਹਨ।

### ਦਾਖਲੇ ਲਈ ਬੇਨਤੀ ਕਿਵੇਂ ਕੀਤੀ ਜਾਵੇ?

ਤੁਸੀਂ ਦਾਖਲੇ ਲਈ ਔਨਲਾਈਨ **www.warwickshire.gov.uk/childcarecosts** 'ਤੇ ਬੇਨਤੀ ਕਰ ਸਕਦੇ ਹੋ।

ਮਦਦ ਜਾਂ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਅਰਲੀ ਯੀਅਰਸ ਫੰਡਿੰਗ ਟੀਮ (Early Years Funding Team) ਨਾਲ ਸੰਪਰਕ ਕਰੋ:
ਟੈਲੀਫ਼ੋਨ: 01926 742218 ਜਾਂ 01926 742233
ਈਮੇਲ : 2help@warwickshire.gov.uk

ਜਾਂ FIS (ਪਰਿਵਾਰ ਜਾਣਕਾਰੀ ਸੇਵਾ) (Family Information Service)
ਟੈਲੀਫ਼ੋਨ: 01926 742274
ਈਮੇਲ: fis@warwickshire.gov.uk

### ਦਾਖਲੇ ਲਈ ਬੇਨਤੀ ਕਰ ਦੇਣ ਦੇ ਬਾਅਦ ਕੀ ਹੁੰਦਾ ਹੈ?

ਸਰਕਾਰ ਦੇ ਯੋਗਤਾ ਜਾਂਚ ਸਿਸਟਮ ਰਾਹੀਂ ਯੋਗਤਾ ਦਾ ਨਿਰਧਾਰਨ ਕਰਨ ਲਈ ਤੁਹਾਡੀ ਬੇਨਤੀ ਦੀ ਜਾਂਚ ਕੀਤੀ ਜਾਂਦੀ ਹੈ। ਜੇ ਤੁਸੀਂ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋ, ਤਾਂ ਤੁਹਾਡੇ ਲਈ ਫ਼ੰਡ ਪ੍ਰਾਪਤ ਸਥਾਨ ਦੀ ਪੁਸ਼ਟੀ ਕਰਨ ਵਾਸਤੇ ਇੱਕ ਪੁਸ਼ਟੀਕਰਨ ਪੱਤਰ, ਜਿਸ ਵਿੱਚ ਤੁਹਾਡੇ EY ਵਾਉਚਰ ਕੋਡ (EY Voucher Code) ਦੀ ਮੁਕੰਮਲ ਜਾਣਕਾਰੀ ਦਿੱਤੀ ਗਈ ਹੋਵੇਗੀ, ਈਮੇਲ ਕੀਤਾ ਜਾਵੇਗਾ ਜਾਂ ਡਾਕ ਰਾਹੀਂ ਭੇਜਿਆ ਜਾਵੇਗਾ। ਇਸ ਤੋਂ ਇਲਾਵਾ ਤੁਹਾਨੂੰ ਤੁਹਾਡੇ ਖੇਤਰ ਵਿੱਚ ਉਪਲਬਧ ਬਾਲ ਦੇਖਭਾਲ ਸਥਾਨਾਂ ਦੀ ਸੂਚੀ ਵੀ ਭੇਜੀ ਜਾਵੇਗੀ, ਜੋ 2 ਸਾਲ ਦੇ ਬੱਚਿਆਂ ਲਈ ਫ਼ੰਡ ਪ੍ਰਾਪਤ ਸਥਾਨ ਦੀ ਸੁਵਿਧਾ ਦਿੰਦੇ ਹਨ। ਤੁਸੀਂ ਆਪਣੇ ਚੁਣੇ ਗਏ ਸਥਾਨ ਨੂੰ ਆਪਣਾ ਪੁਸ਼ਟੀਕਰਨ ਪੱਤਰ ਦਿਖਾਉਣਾ ਹੈ ਅਤੇ ਉਨ੍ਹਾਂ ਨੂੰ ਆਪਣਾ EY ਵਾਉਚਰ ਕੋਡ ਦੇਣਾ ਹੈ। ਜੇ ਤੁਹਾਡੀ ਯੋਗਤਾ ਦੀ ਪੁਸ਼ਟੀ ਨਹੀਂ ਹੁੰਦੀ ਹੈ, ਤਾਂ ਤੁਹਾਨੂੰ ਹੋਰ ਸਹਾਇਕ ਸਬੂਤ ਉਪਲਬਧ ਕਰਾਉਣ ਲਈ ਕਿਹਾ ਜਾਵੇਗਾ।

### ਜਾਣਕਾਰੀ ਦੇ ਤੁਹਾਡੇ ਅਧਿਕਾਰ

ਸਾਡੇ ਵੱਲੋਂ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਰਨ ਦੇ ਤਰੀਕੇ ਅਤੇ ਜਾਣਕਾਰੀ ਦੇ ਤੁਹਾਡੇ ਅਧਿਕਾਰਾਂ ਬਾਰੇ ਜਾਣਨ ਲਈ ਕਿਰਪਾ ਕਰਕੇ www.warwickshire.gov.uk/privacy 'ਤੇ ਉਪਲਬਧ ਸਾਡੀ ਗਾਹਕ ਪਰਦੇਦਾਰੀ ਸੂਚਨਾ ਪੜ੍ਹੋ, ਜਿਸ ਵਿੱਚ ਸੰਪਰਕ ਵੇਰਵੇ ਦਿੱਤੇ ਗਏ ਹਨ, ਜਿਨ੍ਹਾਂ 'ਤੇ ਤੁਸੀਂ ਆਪਣੇ ਅਧਿਕਾਰਾਂ ਬਾਰੇ ਸ਼ਿਕਾਇਤ ਕਰ ਸਕਦੇ ਹੋ। ਆਮ ਪੁੱਛ-ਗਿੱਛ ਲਈ, ਵਾਰਵਿਕਸ਼ਾਇਰ ਕਾਉਂਟੀ ਕਾਉਂਸਿਲ ਗਾਹਕਾਂ ਸੇਵਾਵਾਂ ਨਾਲ **01926 410410** 'ਤੇ ਸੰਪਰਕ ਕਰੋ।

ਅੱਪਡੇਟ ਦੀ ਤਾਰੀਖ਼: ਮਈ 2021

Warwickshire County Council



# ਜਾਣੋ ਕਿ ਤੁਸੀਂ ਆਪਣੇ 2 ਸਾਲ ਦੇ ਬੱਚੇ ਲਈ ਫ਼ੰਡ ਪ੍ਰਾਪਤ ਬਾਲ ਦੇਖਭਾਲ ਸਥਾਨ ਕਿਵੇਂ ਪ੍ਰਾਪਤ ਕਰ ਸਕਦੇ ਹੋ

- ਹਫ਼ਤੇ ਵਿੱਚ 15 ਘੰਟਿਆਂ ਤੱਕ
- ਇੱਕ ਸਾਲ ਵਿੱਚ 38 ਹਫ਼ਤੇ

## ਜੇ ਤੁਸੀਂ ਹੇਠਾਂ ਦਿੱਤੀਆਂ ਵਿੱਚੋਂ ਇੱਕ ਜਾਂ ਵਧੇਰੇ ਲਾਭ ਜਾਂ ਕ੍ਰੈਡਿਟ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ ਆਪਣੇ 2 ਸਾਲ ਦੇ ਬੱਚੇ ਲਈ ਫ਼ੰਡ ਪ੍ਰਾਪਤ ਬਾਲ ਦੇਖਭਾਲ ਸਥਾਨ ਪ੍ਰਾਪਤ ਕਰ ਸਕਦੇ ਹੋ:

- ਆਮਦਨੀ ਵਿੱਚ ਸਹਾਇਤਾ
- ਆਮਦਨੀ ਅਧਾਰਤ ਨੌਕਰੀ ਭਾਲ ਭੱਤਾ
- ਆਮਦਨੀ ਸੰਬੰਧਿਤ ਨੌਕਰੀ ਅਤੇ ਸਹਾਇਤਾ ਭੱਤਾ
- ਆਵਾਸ ਅਤੇ ਅਨਾਥ ਆਸ਼ਰਮ ਐਕਟ (Immigration and Asylum Act) 1999 ਦੇ ਭਾਗ VI ਹੇਠ ਸਹਾਇਤਾ
- ਰਾਜ ਪੈਨਸ਼ਨ ਕ੍ਰੈਡਿਟ (State Pension Credit) ਦਾ ਗਰੰਟੀ ਅੰਸ਼
- ਜੇ ਤੁਹਾਡੇ ਪਰਿਵਾਰ ਦੀ ਸਲਾਨਾ ਆਮਦਨ £16,190 ਤੋਂ ਘੱਟ ਹੈ, ਤਾਂ ਬਾਲ ਟੈਕਸ ਕ੍ਰੈਡਿਟ (Child Tax Credit) ਜਾਂ ਵਰਕਿੰਗ ਟੈਕਸ ਕ੍ਰੈਡਿਟ (Working Tax Credit)
- ਜੇ ਤੁਹਾਡੀ ਸ਼ੁੱਧ ਸਲਾਨਾ ਕਮਾਈ £15,400 ਤੋਂ ਘੱਟ ਹੈ, ਯੂਨੀਵਰਸਲ ਕ੍ਰੈਡਿਟ (Universal Credit) ਜਾਂ
- ਸਥਾਨਕ ਅਥਾਰਟੀ ਬੱਚੇ ਦਾ ਧਿਆਨ ਰੱਖ ਰਹੀ ਹੈ
- ਬੱਚਾ ਖ਼ਾਸ ਸਰਪ੍ਰਸਤੀ ਜਾਂ ਗੋਦ ਲੈਣ ਕਰਕੇ ਜਾਂ ਬਾਲ ਵਿਵਸਥਾ ਹੁਕਮ ਰਾਹੀਂ ਦੇਖਭਾਲ ਕੇਂਦਰ ਵਿੱਚੋਂ ਚਲਾ ਗਿਆ ਹੈ
- ਬੱਚੇ ਦਾ ਮੌਜੂਦਾ ਸਮੇਂ ਵਿੱਚ ਖ਼ਾਸ ਸਿੱਖਿਆ ਲੋੜ (Special Educational Need) ਜਾਂ ਸਿੱਖਿਆ, ਸਿਹਤ ਅਤੇ ਦੇਖਭਾਲ ਯੋਜਨਾ (Education, Health and Care Plan) ਦਾ ਫਰਮਾਨ ਹੈ
- ਬੱਚਾ ਅਪਾਹਜਤਾ ਨਿਰਬਾਹ ਭੱਤੇ (Disability Living Allowance) ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ

## ਸਿਤੰਬਰ 2019 ਤੋਂ ਇੱਕ ਵਧੀਕ ਵਿਸਥਾਰਤ ਮਾਪਦੰਡ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਮਾਪਿਆਂ ਦੀ ਆਵਾਸ ਸਥਿਤੀ ਹੇਠਾਂ ਦਿੱਤੀਆਂ ਵਿੱਚੋਂ ਇੱਕ ਹੁੰਦੀ ਹੈ:

- ਜਾਮਬਰਾਨੋ ਦੇਖਭਾਲਕਰਤਾ (Zambrano carer) (ਯੂਰਪੀ ਕਨੂੰਨਾਂ ਮੁਤਾਬਕ ਕਿਸੇ ਬ੍ਰਿਟਿਸ਼ ਬੱਚੇ ਦਾ ਨਿਰਭਰ ਬਾਲਗ ਦੇ ਮੁਢਲੇ ਦੇਖਭਾਲਕਰਤਾ ਦੇ ਰੂਪ ਵਿੱਚ UK ਵਿੱਚ ਰਹਿਣ ਦਾ ਅਮੋਲਿਕ ਅਧਿਕਾਰ), ਬਸ਼ਰਤੇ ਤੁਹਾਡੀ ਸਲਾਨਾ ਸ਼ੁੱਧ ਕਮਾਈ £15,400 ਤੋਂ ਘੱਟ ਹੈ
- ਪਰਿਵਾਰ ਜਾਂ ਨਿੱਜੀ ਜੀਵਨ (ਆਰਟੀਕਲ 8) ਦੇ ਆਧਾਰ 'ਤੇ ਮਨਜ਼ੂਰ ਕੀਤੇ ਸਰਕਾਰੀ ਫ਼ੰਡ (no recourse to public funds) (NRPF) ਦੇ ਸਹਾਰੇ ਬਿਨ੍ਹਾਂ ਰਹਿਣ ਲਈ ਛੱਡੇ, ਬਸ਼ਰਤੇ ਬਸ਼ਰਤੇ ਤੁਹਾਡੀ ਸਲਾਨਾ ਸ਼ੁੱਧ ਕਮਾਈ £15,400 ਤੋਂ ਘੱਟ ਹੈ
- UK ਦੇ ਅਨਾਥ ਆਸ਼ਰਮ ਵਿੱਚ ਰਹਿਣ ਲਈ ਇਜਾਜ਼ਤ ਮੰਗੀ ਹੈ ਅਤੇ ਇਸ ਸੰਬੰਧੀ ਫੈਸਲੇ ਦੀ ਉਡੀਕ ਹੈ (ਇਸ ਨੂੰ 'ਭਾਗ 6' ਕਿਹਾ ਜਾਂਦਾ ਹੈ) ਜਾਂ UK ਦੇ ਅਨਾਥ ਆਸ਼ਰਮ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਮਿਲੀ ਹੈ (ਇਸ ਨੂੰ 'ਸੈਕਸ਼ਨ 4' ਕਿਹਾ ਜਾਂਦਾ ਹੈ) ਅਤੇ ਆਵਾਸ ਅਤੇ ਅਨਾਥ ਆਸ਼ਰਮ ਐਕਟ (immigration and Asylum Act)1999 ਹੇਠ ਸਹਾਇਤਾ ਪ੍ਰਾਪਤ ਕਰ ਰਹੇ ਹੋ
- ਚਿਲਡਰਨ ਐਕਟ 1989 ਦੇ ਸੈਕਸ਼ਨ 17 ਹੇਠ ਸਹਾਇਤਾ ਪ੍ਰਾਪਤ ਕਰ ਰਹੇ ਹੋ, ਕਿਉਂਕਿ ਤੁਹਾਡੇ ਕੋਲ ਇੱਕ ਬੱਚਾ ਹੈ, ਜਿਸ ਨੂੰ ਮਦਦ ਦੀ ਲੋੜ ਹੈ ਅਤੇ ਸਿਰਫ ਸਰਕਾਰੀ ਫੰਡਾਂ (NRPF) ਦਾ ਹੀ ਸਹਾਰਾ ਹੈ ਅਤੇ ਸਲਾਨਾ ਸ਼ੁੱਧ ਕਮਾਈ £15,400 ਤੋਂ ਘੱਟ ਹੈ

ਤੁਹਾਡਾ ਬਾਲ ਦੇਖਭਾਲ ਸਥਾਨ ਆਮ ਤੌਰ 'ਤੇ ਇੱਕ ਹਫ਼ਤੇ ਵਿੱਚ 15 ਘੰਟਿਆਂ ਤੱਕ, ਇੱਕ ਸਾਲ ਵਿੱਚ 38 ਹਫ਼ਤਿਆਂ ਤੱਕ ਲਈ ਹੋਵੇਗਾ।

ਇਸ ਨਾਲ ਤੁਹਾਨੂੰ ਮਦਦ ਅਤੇ ਸਲਾਹ ਪ੍ਰਾਪਤ ਕਰਨ, ਤੁਹਾਡੇ ਬੱਚੇ ਦੇ ਵਿਕਾਸ ਬਾਰੇ ਪਤਾ ਕਰਨ ਵਿੱਚ ਤੁਹਾਡੀ ਮਦਦ ਲਈ ਸਮਾਂ ਮਿਲ ਸਕਦਾ ਹੈ ਅਤੇ ਤੁਹਾਡੇ ਲਈ ਉਪਲਬਧ ਸਿੱਖਿਆ ਅਤੇ ਸਿਖਲਾਈ ਦੇ ਮੌਕਿਆਂ ਨੂੰ ਜਾਣਨ ਦਾ ਸਮਾਂ ਮਿਲ ਸਕਦਾ ਹੈ।

### ਮੇਰਾ ਬੱਚਾ ਕਦੋਂ ਯੋਗਤਾ ਪੂਰੀ ਕਰੇਗਾ?

ਬੱਚਿਆਂ ਨੂੰ ਆਮ ਤੌਰ 'ਤੇ ਉਨ੍ਹਾਂ ਦੇ 2ਜੇ ਜਨਮਦਿਨ ਦੇ ਬਾਅਦ, ਸਕੂਲ ਸਾਲ ਦੀ ਸ਼ੁਰੂਆਤ 'ਤੇ ਸਥਾਨ ਮਿਲ ਜਾਂਦਾ ਹੈ।

| ਇਸ ਵਿਚਕਾਰ ਪੈਦਾ ਹੋਏ ਬੱਚੇ: | ਫ਼ੰਡ ਪ੍ਰਾਪਤ ਸਥਾਨਾਂ ਦੀ ਸ਼ੁਰੂਆਤ ਦਾ ਸਮਾਂ: |
|---|---|
| 1 ਜਨਵਰੀ - 31 ਮਾਰਚ | ਗਰਮੀਆਂ (ਸਮਰ) ਦਾ ਸਮਾਂ (Summer Term) (1 ਅਪ੍ਰੈਲ ਤੋਂ) |
| 1 ਅਪ੍ਰੈਲ - 31 ਅਗਸਤ | ਪਤਝੜ (ਔਟਮ) ਦਾ ਸਮਾਂ (Autumn Term) (1 ਸਿਤੰਬਰ ਤੋਂ) |
| 1 ਸਿਤੰਬਰ - 31 ਦਿਸੰਬਰ | ਬਸੰਤ (ਸਪ੍ਰਿੰਗ) ਦਾ ਸਮਾਂ (Spring Term) (1 ਜਨਵਰੀ ਤੋਂ) |

